ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਲੋਕ-ਕਾਵਿ ਰੂਪ ਸਿੱਠਣੀ ਵਿੱਚ ਹਾਸ਼ੀਆਕ੍ਰਿਤ ਧਿਰਾਂ ਦੇ ਬਿੰਬ ਦੀ ਨਿਰਮਾਣਕਾਰੀ



**ਲਖਵੀਰ ਸਿੰਘ**
ਸਹਾਇਕ ਪ੍ਰੋਫ਼ੈਸਰ
ਪੰਜਾਬੀ ਵਿਭਾਗ
ਦੇਸ਼ ਭਗਤ ਕਾਲਜ
ਬਰੜਵਾਲ (ਧੂਰੀ)
Lakhvirsingh66237@gmail.com
+91 94630-53462

ਲੋਕ-ਸਾਹਿਤ ਪੀੜ੍ਹੀ-ਦਰ-ਪੀੜ੍ਹੀ ਲੋਕਮਨ ਨੂੰ ਮੌਖਿਕ ਰੂਪ ਵਿੱਚ ਸੰਚਾਰ ਕਰਦਾ ਹੈ। ਇਹ ਸਾਡੇ ਰਹਿਣ-ਸਹਿਣ, ਰਸਮ-ਰਿਵਾਜ, ਕੰਮ-ਧੰਦੇ, ਪਹਿਰਾਵੇ ਅਤੇ ਲੋਕ-ਵਿਸ਼ਵਾਸਾਂ ਨਾਲ ਓਤ-ਪੋਤ ਹੁੰਦਾ ਹੈ। ਲੋਕ-ਸਾਹਿਤ ਦੇ ਮੁੱਖ ਰੂਪ ਲੋਕ-ਕਾਵਿ, ਲੋਕ-ਕਹਾਣੀਆਂ ਅਤੇ ਲੋਕ-ਸਿਆਣਪਾਂ ਹਨ। ਲੋਕ-ਕਾਵਿ ਵਿੱਚ ਸਿੱਠਣੀਆਂ ਦਾ ਵਿਸ਼ੇਸ਼ ਸਥਾਨ ਅਤੇ ਮਹੱਤਵ ਹੈ। ਸਿੱਠਣੀ ਪੰਜਾਬੀ ਲੋਕ-ਸਾਹਿਤ ਵਿੱਚ ਵਿਅੰਗ ਭਰਪੂਰ ਲੋਕ-ਕਾਵਿ ਰੂਪ ਹੈ। ਸਿੱਠਣੀਆਂ ਵਿਆਹ ਵਰਗੇ ਖ਼ੁਸ਼ੀ ਦੇ ਮੌਕਿਆਂ ਤੇ ਆਏ ਪ੍ਰਾਹੁਣਿਆਂ ਨਾਲ ਹਾਸਾ ਠੱਠਾ ਕਰਨ ਅਤੇ ਉਨ੍ਹਾਂ ਦੇ ਔਗੁਣਾਂ ਤੋਂ ਪਰਦਾ ਉਠਾਉਣ ਲਈ ਦਿੱਤੀਆਂ ਜਾਂਦੀਆਂ ਹਨ। ਵਿਆਹ ਵੇਲੇ ਨਾਨਕਾ ਮੇਲ ਦੀਆਂ ਔਰਤਾਂ ਪਿੰਡ ਦੇ ਨਜ਼ਦੀਕ ਪਹੁੰਚਦਿਆਂ ਹੀ ਸਿੱਠਣੀਆਂ ਦੇ ਕੇ ਆਪਣੇ ਆਉਣ ਦੀ ਖ਼ਬਰ ਦਿੰਦੀਆਂ ਹਨ। ਵਿਆਹ ਵਾਲੇ ਘਰ ਪਹੁੰਚਣ ਤੇ ਦਾਦਕਾ ਮੇਲ ਦੀਆਂ ਇਸਤਰੀਆਂ ਨਾਨਕਾ ਮੇਲ ਨੂੰ ਜੁਆਬੀ ਸਿੱਠਣੀਆਂ ਦਿੰਦੀਆਂ ਹਨ। ਇਸ ਤਰ੍ਹਾਂ ਕੁਝ ਚਿਰ ਸ਼ੁਗਲ ਹੁੰਦਾ ਰਹਿੰਦਾ ਹੈ। ਜਿਵੇਂ:-

ਕਿੱਧਰ ਉੱਧਲ ਗਈਆਂ ਵੇ ਲਾੜਿਆ, ਤੇਰੀਆਂ ਦਾਦਕੀਆਂ ?
ਚੂਹੜੇ ਛੱਡ ਚਮਾਰਾਂ ਦੇ ਗਈਆਂ ਵੇ ਲਾੜਿਆ, ਤੇਰੀਆਂ ਦਾਦਕੀਆਂ ?

ਸਿੱਠਣੀਆਂ ਆਹਮੋ-ਸਾਹਮਣੇ ਹਾਜ਼ਰੀ ਵਿੱਚ ਤੱਟ-ਫੱਟ ਸਿਰਜੀਆਂ ਜਾਂਦੀਆਂ ਹਨ। ਕੁੜੀ ਵਾਲ਼ੀ ਧਿਰ ਵਲੋਂ ਜੀਜੇ ਅਤੇ ਬਰਾਤੀਆਂ ਨੂੰ ਨੀਵਾਂ ਝੁਕਾਉਣ ਅਤੇ ਉਨ੍ਹਾਂ ਦੇ ਔਗੁਣਾਂ ਨੂੰ ਜੱਗ-ਜ਼ਾਹਰ ਕਰਨ ਲਈ ਵੀ ਸਿੱਠਣੀਆਂ ਦਿੱਤੀਆਂ ਜਾਂਦੀਆਂ ਹਨ। ਮਨ ਦੀ ਭੜਾਸ ਨੂੰ ਕੱਢਣ ਲਈ ਚੁੱਭਵੇਂ ਮਖੌਲਾਂ ਤੇ ਤਾਹਨਿਆਂ ਮਿਹਣਿਆਂ ਰਾਹੀਂ ਵਿਅੰਗ ਕਸਕੇ ਠਿੱਠ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਲਈ ਸਿੱਠਣੀ ਦਾ ਮੂਲ ਅਰਥ ਹੀ ਠਿੱਠ ਕਰਨਾ ਹੈ। ਡਾ.ਵਣਜਾਰਾ ਬੇਦੀ ਦੇ ਅਨੁਸਾਰ "ਸਿੱਠਣੀ ਦਾ ਸ਼ਾਬਦਿਕ ਅਰਥ ਅਯੋਗ ਵਚਨ ਅਥਵਾ ਭੰਡੀ ਭਰੇ ਬੋਲ ਹਨ। ਸਿੱਠਣੀਆਂ ਵਿਚ ਹਾਸ-ਵਿਅੰਗ ਤੇ ਮਸ਼ਕਰੀ ਦਾ ਰੰਗ ਹੁੰਦਾ ਹੈ ਅਤੇ ਉਨ੍ਹਾਂ ਦੁਆਰਾ ਲਾੜੇ ਦੀ ਕਿਸੇ ਕਮਜ਼ੋਰੀ, ਉਸ ਦੇ ਪਿਉ ਦੇ ਸੂਮਪੁਣੇ ਜਾਂ ਵਰੀ ਵਿਚ ਘੱਟ ਤੇਵਰ ਤੇ ਗਹਿਣੇ ਢੋਣ ਦੀ ਭੰਡੀ ਪਾਈ ਗਾਈ ਹੁੰਦੀ ਹੈ"[1]

ਡਾ. ਨਾਹਰ ਸਿੰਘ ਸਿੱਠਣੀ ਨੂੰ ਪਰਿਭਾਸ਼ਿਤ ਕਰਦਿਆਂ ਲਿਖਦੇ ਹਨ "ਸਿੱਠਣੀ, ਵਿਆਹ ਵੇਲੇ, ਧੀ ਵਾਲੀ ਧਿਰ ਵਲੋਂ ਪੁੱਤ ਵਾਲੀ ਧਿਰ ਨੂੰ ਸਿੱਧਾ ਸੰਬੋਧਤ ਕਾਟਵੇਂ ਵਿਅੰਗ ਅਤੇ ਮਸ਼ਕਰੀ ਭਰਿਆ ਅਜੇਹਾ ਪ੍ਰਕਾਰਜ-ਮੂਲਕ ਗੀਤ-ਰੂਪ ਹੈ ਜਿਸ ਵਿਚ ਆਸਾਧਾਰਨ

ਬਿੰਬ ਸਿਰਜ ਕੇ ਨੈਤਿਕ ਜੀਵਨ ਮੁੱਲਾਂ ਨੂੰ ਅਨੈਤਿਕ ਬਣਾ ਕੇ ਪੁੱਤ ਵਾਲੀ ਧਿਰ ਨਾਲ ਸਬੰਧਤ ਕਰਕੇ ਚੋਟ ਮਾਰੀ ਜਾਂਦੀ ਹੈ ਅਤੇ ਦੂਜੀ ਧਿਰ ਨੂੰ ਨੈਤਿਕ ਪੱਧਰ ਤੇ ਠਿੱਠ ਕਰ ਕੇ ਹੱਸਿਆ ਜਾਂਦਾ ਹੈ। ਇਸ ਕਰਕੇ ਸਿੱਠਣੀ, ਅੰਤਮ ਰੂਪ ਵਿਚ ਭਾਵ-ਵਿਰੇਚਕ ਗੀਤ-ਰੂਪ ਹੈ"[2]

ਇਸ ਤਰ੍ਹਾਂ ਲੋਕਧਾਰਾਈ ਪੱਖ ਤੋਂ ਸਿੱਠਣੀ ਪੰਜਾਬੀ ਲੋਕਮਾਨਸ ਦੀਆਂ ਕਈਂ ਅਣਫਰੋਲੀਆਂ ਪਰਤਾਂ ਨੂੰ ਉਜਾਗਰ ਕਰਦੀ ਹੈ। ਸਿੱਠਣੀਆਂ ਰਾਹੀਂ ਟਿੱਚਰਾਂ ਅਤੇ ਮਸ਼ਕਰੀਆਂ ਕਰਕੇ ਖ਼ੁਸ਼ੀ ਦੇ ਮੌਕੇ ਹਾਸਿਆਂ ਦੇ ਰੰਗ ਭਰੇ ਜਾਂਦੇ ਹਨ ਅਤੇ ਰੌਣਕਾਂ ਨੂੰ ਚਾਰ ਚੰਨ ਲਾਏ ਜਾਂਦੇ ਹਨ। ਵਿਅੰਗਮਈ ਅੰਦਾਜ਼ 'ਚ ਸਰੋਤਿਆਂ ਦਾ ਦਿਲ ਪ੍ਰਚਾਵਾ ਕੀਤਾ ਜਾਂਦਾ ਹੈ। ਇਹ ਮਾਨਸਿਕ ਖ਼ੁਸ਼ੀ ਨਾਲ਼ ਭਰਪੂਰ ਹੁੰਦੀਆਂ ਹਨ ਤੇ ਹਾਸਰਸੀ ਵਾਤਾਵਰਨ ਉਪਜਾਉਂਦੀਆਂ ਹਨ। ਔਰਤਾਂ ਵੱਲੋਂ ਸਿੱਠਣੀਆਂ ਵਿੱਚ ਆਰਥਿਕ ਪੱਖੋਂ ਕਮਜ਼ੋਰੀ, ਸਰੀਰਕ ਬਣਤਰ, ਸ਼ਕਲ-ਸੂਰਤ, ਪਹਿਰਾਵੇ, ਜ਼ਿੰਦਗੀ ਜਿਉਣ ਦੇ ਸਹੀ ਚੱਜ-ਆਚਾਰ ਨਾ ਆਉਣ ਆਦਿ ਨੂੰ ਵਿਅੰਗ ਦੇ ਹਥਿਆਰ ਰਾਹੀਂ ਠਕੋਰਿਆ ਜਾਂਦਾ ਹੈ। ਇਨ੍ਹਾਂ ਦੇ ਬੋਲ ਅਕਸਰ ਚੋਭਵੇਂ ਤੇ ਤਿੱਖੇ ਹੁੰਦੇ ਹਨ। ਇਨ੍ਹਾਂ ਵਿੱਚ ਅਪਣੱਤ ਵੀ ਹੁੰਦੀ ਹੈ ਤੇ ਕਟਾਖਸ਼ ਵੀ। ਸਿੱਠਣੀਆਂ ਰਾਹੀਂ ਇੱਕ ਧਿਰ ਵੱਲੋਂ ਦੂਜੀ ਧਿਰ ਦਾ ਮਖੌਲ ਉਡਾਇਆ ਜਾਂਦਾ ਹੈ ਤੇ ਇੱਕ ਦੂਜੇ ਦੀ ਚੰਗੀ ਖੁੰਭ ਠੱਪੀ ਜਾਂਦੀ ਹੈ। ਸਿੱਠਣੀਆਂ ਸੁਣਨ ਵਿੱਚ ਜਿੰਨੀਆਂ ਹਲਕੀਆਂ-ਫੁਲਕੀਆਂ ਲੱਗਦੀਆਂ ਹਨ ਵਿਚਾਰਧਾਰਾ ਦੇ ਪੱਖੋਂ ਇਹ ਅਤਿ ਗੰਭੀਰ ਮਸਲਿਆਂ ਨੂੰ ਪੇਸ਼ ਕਰਦੀਆਂ ਹਨ।

ਸਿੱਠਣੀ ਨੂੰ ਜੇ ਅਸੀਂ ਵਿਸ਼ਾਲ ਅਰਥਾਂ ਵਿੱਚ ਲਈਏ ਤਾਂ ਇਸਦੀ ਬੁੱਕਲ ਵਿਚ ਟਿੱਚਰ, ਗਾਲ੍ਹ, ਠਿੱਠ, ਮਸ਼ਕਰੀ, ਟਕੋਰ, ਵਿਅੰਗ, ਚੋਟ, ਕਟਾਕਸ਼, ਅਤੇ ਫ਼ਿਟ-ਲਾਹਣਤ ਵਰਗੇ ਸਾਰੇ ਤੱਤ ਸਮਾਏ ਹੋਏ ਹੁੰਦੇ ਹਨ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਸਿੱਠਣੀ ਦੇ ਜਿੱਥੇ ਸ਼ਾਬਦਿਕ ਅਰਥ ਝੂਠੀ ਉਜ ਲਾਹੁਣੀ, ਚੰਗੇ ਭਲੇ ਬੰਦੇ ਨੂੰ ਬਦਮਾਸ਼ ਬਣਾ ਕੇ 'ਧਰ ਦੇਣਾ', ਸੋਹਣੇ ਸੁਨੱਖੇ ਬੰਦੇ ਨੂੰ ਉੱਕਾ ਬੌਰੀਆ, ਕੋਹਜਾ, ਬਦਸੂਰਤ ਬਣਾ ਦੇਣਾ, ਸੁਚੱਜੇ ਨੂੰ ਕੁਚੱਜਾ ਬਣਾ ਦੇਣਾ, ਖਾਂਦੇ ਪੀਂਦੇ ਘਰ ਦੇ ਬੰਦੇ/ਬੰਦਿਆਂ ਨੂੰ ਨੰਗ ਮਲੰਗ, ਭੁੱਖੜ, ਕੰਗਲੇ, ਮੰਗਤੇ ਫਕੀਰ ਬਣਾ ਦੇਣਾ, ਔਰਤ ਨੂੰ ਚਰਿੱਤਰਹੀਣ ਅਤੇ ਬਦਕਾਰ ਬਣਾ ਦੇਣਾ, ਗੁਣੀ ਗਿਆਨੀ ਅਤੇ ਇੱਜ਼ਤ ਆਬਰੂ ਵਾਲੇ ਬੰਦੇ ਨੂੰ ਮੂਰਖਾਂ ਦਾ ਮੂਰਖ ਕਰਾਰ ਦੇ ਕੇ, ਖਿੱਚ ਧੂਹ ਕੇ ਮੰਦੜੇ ਹਾਲ ਕਰ ਦੇਣ ਤੋਂ ਵੀ ਲਏ ਜਾ ਸਕਦੇ ਹਨ। "ਸਿੱਠਣੀ ਵਿਰੋਧੀ

ਧਿਰ ਨੂੰ ਅਤਿ ਦਰਜੇ ਦਾ ਲਿੱਚੜ, ਕੰਜੂਸ, ਕੰਮਚੋਰ, ਨਕਾਰਾ, ਬੇਈਮਾਨ, ਝੂਠਾ, ਮਕਾਰ, ਇਖ਼ਲਾਕ ਪੱਖੋਂ ਗਿਆ ਗੁਜ਼ਰਿਆ, ਮਾਂ ਭੈਣ ਦੀ ਇੱਜ਼ਤ ਬੇਇੱਜ਼ਤੀ ਵੱਲੋਂ ਅਵੇਸਲਾ, ਘਰ ਦੀਆਂ ਔਰਤਾਂ ਦੀ ਇੱਜ਼ਤ ਬਚਾਉਣ ਵਿਚ ਅਸਮਰਥ, ਲੱਲ੍ਹਾ, ਬੱਤਮੀਜ਼, ਅੰਨਪਾੜ, ਵਿਚਾਰਾ, ਭੌਂਦੂ, ਬੌਰੀਆ ਅਤੇ ਤੀਵੀਂ ਦਾ ਪਿੱਛਲੱਗ ਦੱਸਕੇ ਮਾਨਸਿਕ ਤਸੱਲੀ ਦੇਣ ਦੇ ਨਾਲ ਨਾਲ ਅਚੇਤ ਹੀ ਆਪਣੀਆਂ ਦਬੀਆਂ ਹੋਈਆਂ ਕਾਮੁਕ ਰੁਚੀਆਂ ਨੂੰ ਦੱਸਣ ਵਰਗਾ ਕਾਰਜ ਵੀ ਸਿੱਠਣੀ ਰਾਹੀਂ ਪ੍ਰਗਟ ਕਰਦੀ ਹੈ।"[3]

ਪੰਜਾਬੀ ਸਿੱਠਣੀਆਂ ਵਿੱਚ ਜਾਤੀ ਭੇਦ-ਭਾਵ ਅਤੇ ਊਚ-ਨੀਚ ਦੀ ਭਾਵਨਾ ਢੁੱਕਵੇਂ ਰੂਪ ਵਿੱਚ ਸਾਹਮਣੇ ਆਉਂਦੀ ਹੈ। ਜਿਸ ਵਿੱਚ ਇੱਕ ਧਿਰ ਵੱਲੋਂ ਦੂਜੀ ਧਿਰ ਨੂੰ ਦਬਾਉਣ ਤੇ ਦਬਕਾਉਣ ਦਾ ਕਾਰਜ ਕੀਤਾ ਜਾਂਦਾ ਹੈ। ਉੱਚ-ਵਰਗੀ ਵਿਚਾਰਧਾਰਾ ਜਾਂ ਸਮਾਜਿਕ ਦਾਬੇ ਕਾਰਨ ਦਲਿਤ ਵਰਗ ਨੂੰ ਸਦੀਆਂ ਤੋਂ ਲਤਾੜਿਆ ਤੇ ਨਕਾਰਿਆ ਜਾਂਦਾ ਰਿਹਾ ਹੈ। ਇਸ ਵਰਗ ਨੂੰ ਸਮਾਜਿਕ, ਰਾਜਨੀਤਿਕ, ਆਰਥਿਕ, ਧਾਰਮਿਕ ਅਤੇ ਮਾਨਸਿਕ ਤੌਰ 'ਤੇ ਨਪੀੜਿਆ ਤੇ ਦੁਰਕਾਰਿਆ ਹੋਣ ਕਰਕੇ ਸਮਾਜ ਵਿੱਚ ਅਜ਼ਾਦੀ ਨਾਲ਼ ਚੱਲਣ ਫਿਰਨ ਅਤੇ ਸਮਾਜਿਕ ਹੱਕਾਂ ਤੋਂ ਵਿਰਵੇ ਰੱਖਿਆ ਗਿਆ ਹੈ। ਜਿਸ ਕਰਕੇ ਇਹ ਦਮਨ ਦਾ ਸ਼ਿਕਾਰ, ਉਤਪੀੜਤ, ਸ਼ੋਸਿਤ ਅਤੇ ਘ੍ਰਿਣਾ ਦਾ ਸ਼ਿਕਾਰ ਹੈ। ਡਾ. ਚਰਨਜੀਤ ਇਸ ਸੰਬੰਧੀ ਲਿਖਦੇ ਹਨ ਕਿ "ਪੰਜਾਬੀ ਸਭਿਆਚਾਰ ਦੇ ਇਤਿਹਾਸ ਵਿਚ ਜਾਤ ਪਾਤ ਅਤੇ ਊਚ-ਨੀਚ ਦਾ ਵਿਤਕਰਾ ਬਹੁਤ ਜ਼ਿਆਦਾ ਪ੍ਰਭਾਵਸ਼ਾਲੀ ਰਿਹਾ ਹੈ। ਸਿੱਠਣੀ ਰਚੈਤਾ ਇਸ ਗੱਲ ਤੋਂ ਪੂਰੀ ਸੁਚੇਤ ਹੈ ਕਿ ਜਿਸ ਤਰ੍ਹਾਂ ਅਸਲ ਜ਼ਿੰਦਗੀ ਵਿਚ ਇਹ ਨੀਵੀਆਂ ਜ਼ਾਤਾਂ ਦੇ ਮਰਦ ਉੱਚੀਆਂ ਜ਼ਾਤਾਂ ਦੀਆਂ ਔਰਤਾਂ ਨਾਲ ਕਿਸੇ ਕਿਸਮ ਦਾ ਰਿਸ਼ਤਾ ਬਣਾਉਣ ਦੀ ਪਹਿਲ ਨਹੀਂ ਸਨ ਕਰ ਸਕਦੇ, ਠੀਕ ਉਸੇ ਤਰ੍ਹਾਂ ਉਸਨੇ ਸਿੱਠਣੀਆਂ ਵਿਚ ਵੀ ਇਸ ਸ਼੍ਰੇਣੀ ਦੇ ਮਰਦਾਂ ਵਲੋਂ ਕਿਧਰੇ ਬਹੁਤੀ ਪਹਿਲ ਹੁੰਦੀ ਨਹੀਂ ਦਰਸਾਈ। ਬਹੁਤ ਘੱਟ ਸਿੱਠਣੀਆਂ ਵਿਚ ਇਹ ਆਦਮੀ ਥੋੜ੍ਹੀ ਬਹੁਤੀ ਹਰਕਤ ਕਰਦੇ ਦਿਖਾਏ ਗਏ ਹਨ ਪਰ ਉਹ ਵੀ ਬਹੁਤ ਹੀ ਦਬਵੀਂ ਸੁਰ ਵਿੱਚ, ਦਬਵੇਂ ਲਹਿਜ਼ੇ ਵਿਚ।"[4]

ਲਾੜੇ ਮਾਂ ਦੇ ਲਾਡਲੇ ਚਾਰ
ਪਿਓ ਦਾ ਇਕ ਕਿ ਵੀ ਨਹੀਂ
ਦੋ ਮਰਾਸੀ ਦੇ
ਦੋ ਗਡਰੀਏ ਦੇ

ਸ਼ਕਲਾਂ ਮਿਲਦੀਆਂ ਬਾਪਾਂ ਨਾਲ਼
ਪਿਓ ਦਾ ਇਕ ਵੀ ਨਹੀਂ
ਮਿਲਦੀਆਂ ਮਰਾਸੀ ਡੂਮਾਂ ਨਾਲ
ਪਿਓ ਦਾ ਇਕ ਵੀ ਨਹੀਂ।[5]

ਜਾ

ਲਾੜਿਆ ਬੇ ਬੱਜ ਮਾਰਿਆ ਵੇ
ਤੈਨੂੰ ਗੜੱਪ ਗੜੱਪ ਖਾਣੇ ਦੀ ਪਈ ਵੇ
ਬੇਬੇ ਜੱਧਣੀ ਵੇ ਬੇਬੇ ਬੱਦਣੀ ਵੇ
ਮਰਾਸੀ ਬੁੱਧੇ ਨਾਲ਼ ਉੱਧਲ ਗਈ ਵੇ।[6]

ਸਿੱਠਣੀ ਕਾਵਿ ਰੂਪ ਵਿੱਚ ਮਰਾਸੀ, ਡੂੰਮ, ਨਾਈ ਅਤੇ ਬਾਜ਼ੀਗਰ ਦੀ ਸ਼ਮੂਲੀਅਤ ਵਧਰੇ ਹੈ। ਵਧੇਰੇ ਸਿੱਠਣੀਆਂ ਦੇ ਅੰਤਰਗਤ ਇਹ ਪਾਤਰ ਬਿਲਕੁਲ ਮੌਨ ਹਨ ਤੇ ਕਿਸੇ ਵੀ ਤਰ੍ਹਾਂ ਦੀ ਕਿਰਿਆ ਪ੍ਰਤੀਕਿਰਿਆ ਨਹੀਂ ਕਰਦੇ। ਜਿਸ ਕਰਕੇ ਇਹ ਪਾਤਰ ਹਾਸ਼ੀਆਗਤ ਧਿਰ ਵਜੋਂ ਵਿਚਰਦੇ ਹਨ। ਸਿੱਠਣੀਆਂ ਵਿੱਚ ਉੱਚ ਸ਼੍ਰੇਣੀਆਂ ਦੀਆਂ ਔਰਤਾਂ ਦੇ ਸੰਬੰਧ ਮਰਾਸੀਆਂ, ਨਾਈਆਂ ਡੂੰਮਾਂ ਅਤੇ ਬਾਜ਼ੀਗਰਾਂ ਨਾਲ਼ ਜੋੜ ਕੇ ਉਹਨਾਂ ਨੂੰ ਜ਼ਲੀਲ ਕਰਨ ਦੀ ਪੁਰਜ਼ੋਰ ਕੋਸ਼ਿਸ਼ ਵੀ ਕੀਤੀ ਗਈ ਹੈ। ਇਸ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਜਿਸ ਕਾਲ ਵਿੱਚ ਇਹ ਸਿੱਠਣੀਆਂ ਰਚੀਆਂ ਗਈਆਂ, ਉਸ ਕਾਲ ਵਿੱਚ ਜਾਤ-ਪਾਤ, ਊਚ-ਨੀਚ, ਵਿਤਕਰੇਬਾਜੀ ਅਤੇ ਜਾਤਾਂ ਵਿੱਚਲੇ ਟਕਰਾਓ ਦਾ ਕਿੰਨਾ ਜ਼ਿਆਦਾ ਬੋਲਬਾਲਾ ਰਿਹਾ ਹੋਵੇਗਾ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ "ਪੰਜਾਬ ਵਿਚ ਇਸ ਸਮੇਂ ਬਹੁਤ ਸਾਰੇ ਸਮੂਹ ਹਾਸ਼ੀਏ ਤੇ ਧੱਕੇ ਹੋਏ ਹਨ ਪਰ ਵੱਡਾ ਸਮੂਹ ਸਾਧਨਹੀਣ ਪੇਂਡੂ ਦਲਿਤ ਅਨਪੜ੍ਹ ਸਿਰਫ਼ ਪੰਜਾਬੀ ਜਾਣਦੀ ਔਰਤ ਦਾ ਹੈ। ਇਹ ਸਮੂਹ ਸਾਧਨਹੀਣ ਹੋਣ ਕਰਕੇ ਹੀ ਆਰਥਿਕ ਪੱਖੋਂ ਧੱਕਿਆ ਹੋਇਆ ਹੈ, ਭੂਗੋਲਿਕ ਸਥਿਤੀ ਕਾਰਨ ਵੀ ਘਾਟੇ ਵਿੱਚ ਹੈ ਅਤੇ ਦਲਿਤ ਜਾਤੀ ਵਿੱਚੋਂ ਹੋਣ ਕਰਕੇ ਸਮਾਜਕ ਤੌਰ ਤੇ ਨਪੀੜਿਆ ਹੋਇਆ ਹੈ। ਔਰਤ ਹੋਣ ਕਰਕੇ ਆਪਣੇ ਹੀ ਸਮੂਹ ਦੇ ਅੰਦਰ ਦਬਾਈ ਹੋਈ ਹੈ ਅਤੇ ਅਨਪੜ੍ਹ ਹੋਣ ਕਰਕੇ ਨੌਕਰੀ ਅਤੇ ਚੇਤਨਾ ਦੋਹਾਂ ਤੋਂ ਵਾਂਝੀ ਹੈ। ਇਸ ਔਰਤ ਦੀ ਸਾਹਿਤ ਕਲਾ ਵਿੱਚ ਕੋਈ ਆਵਾਜ਼ ਨਹੀਂ ਹੈ, ਜੇ ਇਸਦੇ ਕਿਤੇ ਸਾਹਿਤ ਜਾਂ ਹੋਰ ਕਲਾ-ਰੂਪਾਂ ਵਿਚ ਪੇਸ਼ਕਾਰੀ ਹੁੰਦੀ ਹੈ ਤਾਂ ਉਹ ਦੂਸਰਿਆਂ ਵੱਲੋਂ ਹੁੰਦੀ ਹੈ ਅਤੇ ਦੂਸਰਿਆਂ ਦਾ

ਮੰਤਵ ਉਸਦਾ ਸੰਕਟ ਹਰਨ ਵਿਚ ਨਹੀਂ ਸਗੋਂ ਉਸਦੇ ਸੰਕਟ ਨੂੰ ਕਲਾ ਵਿਚ ਪੇਸ਼ ਕਰਕੇ ਖੁਦ ਪ੍ਰਵਾਨਗੀ ਬਣਾਉਂਦੀ ਹੈ ਅਤੇ ਕਿਤੇ ਕਿਤੇ ਇਸ ਤੋਂ ਪੈਸਾ ਕਮਾਉਣਾ ਮਕਸਦ ਹੈ"[7]

ਸਿੱਠਣੀਆਂ ਦਾ ਅਧਿਐਨ ਕਰਦਿਆਂ ਇੱਕ ਸ਼ੰਕਾ ਵਿਸ਼ੇਸ਼ ਧਿਆਨ ਦੀ ਮੰਗ ਕਰਦੀ ਹੈ ਕਿ ਕੀ ਇਨ੍ਹਾਂ ਸਿਠਣੀਆਂ ਦੀਆਂ ਰਚੈਤਾ ਸਿਰਫ਼ ਉੱਚੀ ਜਾਤੀ ਦੀਆਂ ਔਰਤਾਂ ਹੀ ਰਹੀਆਂ ਹੋਣਗੀਆਂ? ਦੂਸਰਾ ਇਹ ਕਿ, ਕੀ ਕਾਰਨ ਰਹੇ ਹੋਣਗੇ ਕਿ ਇਨ੍ਹਾਂ ਸਿੱਠਣੀਆਂ ਰਾਹੀਂ ਸਾਹਮਣੀ ਧਿਰ ਦੀਆਂ ਔਰਤਾਂ ਨੂੰ ਨੀਵੀਂ ਜਾਤੀ ਦੇ ਮਰਦਾਂ ਨਾਲ਼ ਸੰਬੰਧ ਜੋੜਕੇ ਖ਼ਾਨਦਾਨ ਦੀ ਨੱਕ ਨਜੂਮ ਦਾਗੀ ਕਰਦੀਆਂ ਦਿਖਾਇਆ ਗਿਆ ਹੈ। ਕਾਰਨ ਭਾਵੇਂ ਕੁਝ ਵੀ ਰਹੇ ਹੋਣ ਪਰ ਬਹੁਤ ਸਾਰੀਆਂ ਸਿੱਠਣੀਆਂ ਅਜਿਹੀਆਂ ਹਨ, ਜਿਨ੍ਹਾਂ ਵਿੱਚ ਸਾਹਮਣੀ ਧਿਰ ਦੀਆਂ ਔਰਤਾਂ ਖ਼ੁਦ-ਬਖ਼ੁਦ ਮਰਾਸੀਆਂ, ਸੈਂਸੀਆਂ, ਨਾਈਆਂ, ਡੂੰਮਾਂ ਨਾਲ਼ ਰਿਸਤੇ ਜੋੜਦੀਆਂ ਹਨ। ਬਹੁਤੀਆਂ ਸਿੱਠਣੀਆਂ ਵਿੱਚ ਔਰਤ ਵੱਲੋਂ ਪਹਿਲ ਕੀਤੀ ਗਈ ਹੈ। ਔਰਤਾਂ ਹੀ ਮਰਾਸੀਆਂ ਨਾਲ਼ ਉਧਲਦੀਆਂ ਦੱਸੀਆਂ ਗਈਆਂ ਹਨ। ਬਹੁਤ ਥੋੜੀਆਂ ਸਿੱਠਣੀਆਂ ਹਨ, ਜਿਨਾਂ ਵਿੱਚ ਇਨ੍ਹਾਂ ਮਰਦਾਂ ਵੱਲੋਂ ਪਹਿਲ ਕੀਤੀ ਦੱਸੀ ਗਈ ਹੋਵੇ।

ਇਸੇ ਤਰ੍ਹਾਂ ਵਧੇਰੇ ਸਿੱਠਣੀਆਂ ਵਿੱਚ ਉੱਚੀ ਜਾਤ ਦੀਆਂ ਔਰਤਾਂ ਹੀ ਭੱਜਕੇ ਨੀਵੀਂ ਜਾਤੀ ਦੇ ਮਰਦਾਂ ਦੇ ਘਰ ਵੜਦੀਆਂ, ਭੱਜਦੀਆਂ ਅਤੇ ਖੇਹ ਖਾਂਦੀਆਂ ਦਿਖਾਈ ਦਿੰਦੀਆਂ ਹਨ। ਦੂਸਰੇ ਪਾਸੇ ਨੀਵੀਂ ਜਾਤੀ ਦੇ ਮਰਦ ਸਿੱਠਣੀਆਂ ਵਿੱਚ ਹੁੰਗਾਰਾ ਨਹੀਂ ਭਰਦੇ। ਇਸ ਤਰ੍ਹਾਂ ਸਿੱਠਣੀ ਰਚੈਤਾ ਨੇ ਸਾਹਮਣੀ ਧਿਰ ਦੀਆਂ ਔਰਤਾਂ ਨੂੰ ਜਲੀਲ ਕਰਨ ਲਈ ਹੀ ਇਨ੍ਹਾਂ ਨੀਵੀਂ ਜਾਤੀ ਦੇ ਮਰਦਾਂ ਨੂੰ ਧੱਕੇ ਨਾਲ਼ ਭਾਗੀਦਾਰ ਬਣਾਇਆ ਹੈ। "ਸਾਰੇ ਹੀ ਮਰਦ ਪ੍ਰਧਾਨ ਸਮਾਜਾਂ ਵਿੱਚ ਨਾਰੀ ਦੀ ਸਥਿਤੀ ਦੂਜੈਲੀ ਹੀ ਰਹੀ ਹੈ ਪਰ ਪੰਜਾਬੀ ਸਮਾਜ ਵਿੱਚ ਨਾਰੀ ਨੂੰ ਬਹੁਤ ਹੀ ਮਾੜੀਆਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਮਜ਼ਦੂਰ ਵਰਗ ਦੀ ਨਾਰੀ ਨੂੰ ਵੱਖਰੇ ਹੀ ਕਿਸਮ ਦੇ ਸੰਤਾਪ ਵਿੱਚੋਂ ਗੁਜ਼ਰਨਾ ਪੈਂਦਾ ਹੈ ਅਤੇ ਇਹ ਸੰਤਾਪ ਜਨਮ ਸਮੇਂ ਤੋਂ ਲੈ ਕੇ ਮਰਨ ਤੱਕ ਚੱਲਦਾ ਹੈ"[8]

ਸਿੱਠਣੀਆਂ ਵਿੱਚ ਇੱਕ ਹੋਰ ਤੱਥ ਉੱਭਰਕੇ ਸਾਹਮਣੇ ਆਉਂਦਾ ਹੈ ਕਿ ਸਿੱਠਣੀਆਂ ਸਿਰਫ਼ ਉੱਚ ਜਾਤੀ ਦੀਆਂ ਔਰਤਾਂ ਹੀ ਦਿੰਦੀਆਂ ਹਨ ਜਾਂ ਖ਼ੁਦ ਮਰਾਸੀਆਂ ਅਤੇ ਨਾਈਆਂ ਦੀਆਂ ਔਰਤਾਂ ਵੀ ਠੀਕ ਇਸੇ ਤਰ੍ਹਾਂ ਦੀਆਂ ਸਿੱਠਣੀਆਂ ਦਿੰਦੀਆਂ ਹਨ। ਅਧਿਐਨ ਕੀਤਿਆਂ ਪਤਾ ਚੱਲਦਾ ਹੈ ਕਿ ਪੱਛੜੀਆਂ ਸ਼੍ਰੇਣੀਆਂ ਅਤੇ ਦਲਿਤ ਵਰਗ ਦੀਆਂ ਔਰਤਾਂ ਵੀ ਇਹੋ ਜਿਹੀਆਂ ਸਿੱਠਣੀਆਂ ਦਿੰਦੀਆਂ ਹਨ। ਉਨ੍ਹਾਂ ਨੂੰ ਇਸ ਗੱਲ ਦਾ ਕੋਈ ਅਹਿਸਾਸ ਨਹੀਂ ਹੁੰਦਾ

ਕਿ ਇਨ੍ਹਾਂ ਸਿੱਠਣੀਆਂ ਵਿੱਚ ਉੱਚੀ ਜਾਤ ਦੀਆਂ ਔਰਤਾਂ ਨੂੰ ਉਨ੍ਹਾਂ ਦੀ ਜਾਤ ਦੇ ਮਰਦਾਂ ਨਾਲ਼ ਜੋੜ ਕੇ ਇਨ੍ਹਾਂ ਦੀ ਰਚਨਾ ਕੀਤੀ ਗਈ ਹੈ। ਅੱਜ ਬੇਸ਼ੱਕ ਜ਼ਮਾਨਾ ਬਦਲ ਗਿਆ ਹੈ, ਹੁਣ ਸਮਾਜ ਵਿੱਚ ਜਾਤ-ਪਾਤ ਜਾਂ ਊਚਨੀਚ ਬਹੁਤੀ ਅਹਿਮੀਅਤ ਨਹੀਂ ਰੱਖਦੀਆਂ ਸਗੋਂ ਹੁਣ ਤਾਂ ਅੰਤਰਜਾਤੀ ਵਿਆਹਾਂ ਨੂੰ ਸਮਾਜ ਵੱਲੋਂ ਮਾਨਤਾ ਦਿੱਤੀ ਜਾ ਰਹੀ ਹੈ। ਪਰੰਤੂ ਜਿਸ ਕਾਲ ਵਿੱਚ ਇਨ੍ਹਾਂ ਸਿੱਠਣੀਆਂ ਦੀ ਰਚਨਾ ਹੋਈ ਹੋਵੇਗੀ ਉਸ ਸਮੇਂ ਜਾਤੀ-ਪਾਤੀ ਵਿਤਕਰਾ ਕੁਝ ਵਧੇਰੇ ਰਿਹਾ ਹੋਵੇਗਾ।

ਪੰਜਾਬੀ ਸਿੱਠਣੀਆਂ ਵਿੱਚ ਲਾੜੇ ਦੀ ਮਾਂ ਦੇ ਪਿਛੋਕੜ ਨੂੰ ਨਿਮਨ ਜਾਤੀਆਂ ਨਾਲ਼ ਸੰਬੰਧਿਤ ਦੱਸ ਕੇ ਵਧੇਰੇ ਸਿੱਠਣੀਆਂ ਰਚੀਆਂ ਗਈਆਂ ਹਨ। ਉਂਝ ਤਾਂ ਸਾਰਾ ਹੀ ਲੋਕ ਸਾਹਿਤ ਸਾਡੇ ਸਮਕਾਲੀ ਜੀਵਨ ਦੀਆਂ ਅੰਦਰਲੀਆਂ ਪਰਤਾਂ ਉੱਤੇ ਝਾਤ ਪੁਆਉਂਦਾ ਹੈ ਪਰ ਸਿੱਠਣੀ ਗੀਤ ਰੂਪ ਸਾਡੇ ਸਮਾਜਿਕ ਵਰਤਾਰੇ ਦੀਆਂ ਬਹੁਤ ਅੰਦਰਲੀਆਂ ਪਰਤਾਂ ਨੂੰ ਬੜੀ ਬਾਰੀਕੀ ਅਤੇ ਵਿਸਥਾਰ ਨਾਲ਼ ਬਿਆਨ ਕਰਦਾ ਹੈ।

ਲਾੜਿਆ ਬੇਬੇ ਨੇ ਕਰਿਆ ਮੋਚੀ
ਵੇ ਉਹਨੇ ਦੂਰ ਦੀ ਸੋਚੀ
ਧੌੜੀ ਦੀਆਂ ਜੁੱਤੀਆਂ ਦਊਗਾ ਬਣਾਕੇ
ਲਾੜਿਆ ਬੇਬੇ ਨੇ ਕਰਿਆ ਨਾਈ
ਵੇ ਉਹਨੇ ਸਮਝਦਾਰੀ ਦਖਾਈ
ਨਾਈ ਲੋਰੀ ਦਊ ਗੋਦੀ ਬਠਾਕੇ[9]

ਪੰਜਾਬੀ ਸਭਿਆਚਾਰ ਵਿੱਚ ਜ਼ਮੀਨ ਦੀ ਥੁੜ ਕਰਕੇ ਸਾਰੇ ਭਾਈਆਂ ਵਿੱਚੋਂ ਇੱਕਾ-ਦੁੱਕਾ ਹੀ ਵਿਆਹੇ ਜਾਂਦੇ ਸਨ, ਬਾਕੀ ਛੜੇ ਰਹਿ ਜਾਂਦੇ ਸਨ। ਅਕਸਰ ਵਿਆਹੇ ਭਾਈ ਦੀ ਵਸਦੀ ਰਸਦੀ ਗ੍ਰਹਿਸਥੀ ਨੂੰ ਦੇਖ ਕੇ ਇਨ੍ਹਾਂ ਛੜਿਆਂ ਦੇ ਮਨ ਵਿੱਚ ਵੀ ਵਿਆਹ ਕਰਾਉਣ ਦੀ ਰੀਝ ਆਉਂਦੀ ਹੁੰਦੀ ਸੀ ਪਰ ਹੁਣ ਵਕਤ ਲੰਘ ਜਾਣ ਸਦਕਾ ਇਨ੍ਹਾਂ ਨੂੰ ਸਿਹਰੇ ਬੰਨ੍ਹ ਕੇ ਢੁੱਕਣ ਦਾ ਸੁਭਾਗ ਪ੍ਰਾਪਤ ਨਹੀਂ ਸੀ ਹੁੰਦਾ ਤੇ ਇਹ ਲੋਕ ਹਾਰ ਕੇ ਕਰੇਵਾ ਕਰਵਾ ਲੈਂਦੇ ਸਨ, ਕੋਈ ਪੂਰਬਣੀ ਲੈ ਆਉਂਦੇ ਸਨ ਜਾਂ ਕੋਈ ਮੁੱਲ ਦੀ ਤੀਵੀਂ। ਅਜੇਹੇ ਮੌਕੇ 'ਤੇ ਸ਼ਰਤਾਂ ਪੂਰੀਆਂ ਨਹੀਂ ਸਨ ਹੁੰਦੀਆਂ, ਕਹਿਣ ਦਾ ਮਤਲਬ ਇਹ ਕਿ ਫੇਰ ਜਾਤ-ਪਾਤ ਨਹੀਂ ਸੀ ਦੇਖੀ ਜਾਂਦੀ। ਇਨ੍ਹਾਂ ਛੜਿਆਂ ਨੂੰ ਤੀਵੀਂ ਦੀ ਜਰੂਰਤ ਹੁੰਦੀ ਸੀ ਤੇ ਕਿਸੇ ਗਰੀਬ ਅਤੇ ਛੋਟੀ

ਜਾਤ ਵਾਲੇ ਨੂੰ ਗਰੀਬੀ ਦੀ ਮਾਰ ਝੱਲਦਿਆਂ ਪੈਸੇ ਦੀ ਜਰੂਰਤ ਹੁੰਦੀ ਸੀ। ਦੋਹਾਂ ਦਾ ਕੰਮ ਸਰ ਜਾਂਦਾ ਸੀ। ਇੱਥੇ ਇਹ ਕਹਾਵਤ ਬੜੀ ਢੁੱਕਦੀ ਹੁੰਦੀ ਸੀ।

ਥੋਡੀ ਤੂੜੀ ਗਲ਼ਦੀ ਸੀ ਤੇ ਸਾਡੀ ਮੈਸ੍ਹ ਭੁੱਖੀ ਮਰਦੀ ਸੀ[10]

ਇਹ ਛੜੇ ਕਿਸੇ ਨੀਵੀਂ ਜਾਤ ਦੀ ਧੀ ਵਿਆਹ ਲਿਆਉਂਦੇ ਸਨ ਪਰ ਉਨ੍ਹਾਂ ਸਮਿਆਂ ਵਿੱਚ ਇਹ ਜਾਤੋਂ ਬਾਹਰਾ ਰਿਸ਼ਤਾ ਸਾਰੀ ਉਮਰ ਲਈ ਮਿਹਣੇ ਅਤੇ ਨਮੋਸ਼ੀ ਦਾ ਕਾਰਨ ਬਣਿਆ ਰਹਿੰਦਾ ਸੀ। ਬੰਦਾ ਇੱਕ ਤਰ੍ਹਾਂ ਦੇ ਅਪਰਾਧ-ਬੋਧ ਜਿਹੇ ਦੀ ਹਾਲਤ ਵਿੱਚ ਜ਼ਿੰਦਗੀ ਬਤੀਤ ਕਰਦਾ ਸੀ। ਦੂਸਰੇ ਪਾਸੇ ਦਲਿਤ ਔਰਤ ਸਮਾਜਿਕ, ਆਰਥਿਕ ਅਤੇ ਸਭਿਆਚਾਰਿਕ ਪੱਖ ਤੋਂ ਲਿਤਾੜੀ ਹੋਣ ਕਰਕੇ ਅਨਜੋੜ ਵਿਆਹ ਦੀ ਭੇਟ ਚੜ੍ਹ ਜਾਂਦੀ ਸੀ। ਇਸ ਤਰ੍ਹਾਂ ਦਲਿਤ ਔਰਤਾਂ ਦੀ ਸਥਿਤੀ ਬਦ-ਤੋਂ ਬਦਤਰ ਹੋ ਜਾਂਦੀ ਸੀ। ਭਾਰਤੀ ਸਮਾਜ ਵਿੱਚ ਜਾਤੀ ਆਧਾਰਿਤ ਸੰਰਚਨਾ ਵਿੱਚ ਦਲਿਤ ਮਰਦ ਜਿੱਥੇ ਦਲਿਤ ਹੋਣ ਦੇ ਨਾਤੇ ਵਿਤਕਰਾ ਕਈ ਪੱਧਰਾ ’ਤੇ ਸਹਿੰਦਾ ਹੈ ਉੱਥੇ ਦਲਿਤ ਔਰਤ ਦੇ ਉਤਪੀੜਨ ਅਤੇ ਸ਼ੋਸ਼ਣ ਦਾ ਪੱਧਰ ਉਸ ਤੋਂ ਵੀ ਕਈ ਗੁਣਾ ਜ਼ਿਆਦਾ ਹੈ। ਭਾਰਤੀ ਸਮਾਜ ਦੇ ਇਤਿਹਾਸਿਕ ਕ੍ਰਮ ਵਿੱਚ ਹਾਸ਼ੀਆਗਤ ਸਮੂਹਾਂ ਵਿੱਚੋਂ ਦਲਿਤ ਔਰਤ ਸਾਰਿਆਂ ਨਾਲੋਂ ਵੱਧ ਉਤਪੀੜਤ, ਨਪੀੜੀ, ਦਰੜੀ, ਸ਼ੋਸ਼ਿਤ ਅਤੇ ਦਬਾਈ ਗਈ ਧਿਰ ਹੈ। ਦਲਿਤ ਔਰਤ ਪ੍ਰਾਚੀਨ ਕਾਲ ਤੋਂ ਵਰਤਮਾਨ ਸਮੇਂ ਤੱਕ ਅਜਿਹੇ ਸਮੂਹ ਵਜੋਂ ਵਿਦਮਾਨ ਰਹਿੰਦੀ ਹੈ ਜਿਸਦਾ ਹਰ ਤਰ੍ਹਾਂ ਦਾ ਸ਼ੋਸ਼ਣ ਹਰ ਇੱਕ ਵਰਗ (ਉਹ ਭਾਂਵੇਂ ਉੱਚਾ ਹੋਵੇ ਜਾਂ ਨੀਵਾਂ ਹੋਵੇ) ਕਰਦਾ ਰਿਹਾ ਹੈ। ਭਾਰਤ ਵਿੱਚ ਦਲਿਤ ਔਰਤ ਨਾਲ ਵਿਤਕਰਾ ਅਤੇ ਭੇਦਭਾਵ ਸਿਰਫ ਔਰਤ ਹੋਣ ਨਾ ਤੇ ਹੀ ਨਹੀਂ ਹੁੰਦਾ ਸਗੋਂ ਇਸ ਨਾਲ ਜਾਤ, ਸੰਸਥਾਗਤ, ਧਰਮ, ਆਰਥਿਕ ਅਤੇ ਹੋਰ ਕਈ ਕਾਰਨਾਂ ਕਰਕੇ ਵੀ ਵਿਤਕਰਾ ਅਤੇ ਭੇਦਭਾਵ ਹੁੰਦਾ ਹੈ। ਵਿਸ਼ਵ ਅਤੇ ਭਾਰਤ ਪੱਧਰ ’ਤੇ ਮਰਦ ਅਤੇ ਔਰਤ ਲਈ ਜਿਹੜੇ ਮਨੁੱਖੀ ਅਧਿਕਾਰਾਂ ਦੀ ਗੱਲ ਕੀਤੀ ਜਾਂਦੀ ਹੈ ਉਨ੍ਹਾਂ ਵਿੱਚ ਦਲਿਤ ਔਰਤ ਦੀ ਹੋਂਦ ਅਤੇ ਸਥਿਤੀ ਕਿਤੇ ਵੀ ਨਜ਼ਰ ਨਹੀਂ ਆਉਂਦੀ। ਭਾਰਤ ਵਿੱਚ ਦਲਿਤ ਔਰਤ ਦੇ ਮਨੁੱਖੀ ਅਧਿਕਾਰਾਂ ਉੱਪਰ ਉਸ ਦੇ ਔਰਤ ਹੋਣ, ਜਾਤੀ, ਧਰਮ, ਸੰਸਥਾ ਅਤੇ ਗਰੀਬੀ ਭਾਰੂ ਪੈ ਜਾਂਦੇ ਹਨ ਅਤੇ ਜਨਤਕ ਥਾਵਾਂ ਉੱਪਰ ਸ਼ਰੇਆਮ ਬੇਇੱਜ਼ਤੀ, ਬਲਾਤਕਾਰ ਤੇ ਕਤਲ, ਨੰਗੇ ਜਲੂਸ, ਮਾਰਕੁੱਟ, ਜਾਤੀ ਛੇਕਣ, ਅੱਗ ਨਾਲ ਦਾਗਣਾ, ਜੀਭ/ਨਹੁੰ ਕੱਢਣੇ, ਅਸ਼ਲੀਲ ਅਤੇ ਵਰਜਿਤ ਸ਼ਬਦਾਵਲੀ ਅਤੇ ਨਾਵਾਂ ਨਾਲ ਸੰਬੋਧਿਤ ਜਿਹੇ ਅਨੁਭਵ ਉਸਦੇ ਹਿੱਸੇ ਆਉਂਦੇ ਹਨ। ਹਰ ਪ੍ਰਕਾਰ ਦੀ ਹਿੰਸਾ ਦਲਿਤ

ਔਰਤ ਲਈ ਸਦੀਆਂ ਤੋਂ ਰਾਖਵੀ ਹੈ। ਡਾ. ਅੰਬੇਡਕਰ ਭਾਰਤੀ ਸਮਾਜ ਨੂੰ ਪਰਿਭਾਸ਼ਿਤ ਕਰਦੇ ਹੋਏ ਦਲਿਤ ਔਰਤ ਦੀ ਸਥਿਤੀ ਨੂੰ ਬਿਆਨ ਕਰਦੇ ਹਨ ਕਿ "ਭਾਰਤੀ ਸਮਾਜ ਵਿਚਲਾ ਜਾਤੀ ਸਿਸਟਮ ਇੱਕ ਮਿੱਟੀ ਦੇ ਬਰਤਨਾਂ ਦੇ ਬਣੇ ਪਿਰਾਮਿਡ ਵਾਂਗ ਹੈ ਜਿਸ ਵਿਚ ਵੱਖ ਵੱਖ ਭਾਗ ਇੱਕ ਦੂਜੇ ਤੋਂ ਉੱਪਰ ਇਸ ਤਰ੍ਹਾਂ ਟਿਕੇ ਹੋਏ ਹਨ ਕਿ ਉਹ ਆਪਣੀ ਥਾਂ ਤੋਂ ਉੱਪਰ-ਹੇਠਾਂ ਨਹੀਂ ਹੋ ਸਕਦੇ। ਨਾ ਸਿਰਫ ਬ੍ਰਾਹਮਣ ਤੇ ਖੱਤਰੀ ਉੱਪਰ ਹਨ ਅਤੇ ਸ਼ੂਦਰ ਨੀਵੇਂ ਹਨ, ਬਲਕਿ ਹਰ ਇੱਕ ਭਾਗ ਵਿੱਚ ਮਰਦ ਉੱਪਰ ਹਨ ਔਰਤ ਆਪਣੀ ਜਾਤੀ ਵਿੱਚ ਹੇਠਾਂ-ਵਾਧੂ ਅਤੇ ਕੁਚਲੇ ਸਮਾਨ ਵਾਂਗ ਹੈ। ਇਸ ਪ੍ਰਕਾਰ ਸਾਰਿਆਂ ਨਾਲੋਂ ਹੇਠਾਂ ਦਲਿਤ ਅਤੇ ਉਸ ਤੋਂ ਵੀ ਹੇਠਾਂ ਦਬਾਈ ਹੋਈ ਦਲਿਤ ਔਰਤ ਹੈ"[11] ਪੰਜਾਬੀ ਸਿੱਠਣੀਆਂ ਜਿੱਥੇ ਪੱਖਪਾਤੀ/ਨਾਂਹਮੁਖੀ ਵਿਚਾਰਧਾਰਾ ਅੰਤਰਗਤ ਦਲਿਤ ਔਰਤ ਦੇ ਅਕਸ ਨੂੰ ਵਿਕਰਿਤ ਰੂਪ ਵਿੱਚ ਸਾਕਾਰ ਕਰਦੀਆਂ ਹਨ ਉੱਥੇ ਸਿੱਧੇ ਤੌਰ 'ਤੇ ਦੂਜੀ ਧਿਰ ਦਾ ਸਮਾਜਿਕ ਤੇ ਮਾਨਸਿਕ ਸ਼ੋਸ਼ਣ ਕਰਨ ਦਾ ਸਾਧਨ ਵੀ ਬਣਦੀਆਂ ਹਨ। ਉੱਚ ਵਰਗ ਆਪਣੇ ਨਿੱਜੀ ਹਿਤਾਂ ਨੂੰ ਪੂਰਨ ਦੇ ਸੰਦਰਭ ਵਿੱਚ ਨਿਮਨ ਵਰਗ ਨੂੰ ਨਿਰੰਤਰ ਦਬਾਉਣ ਤੇ ਦਬਕਾਉਣ ਲਈ ਝੂਠੀ ਚੇਤਨਾ ਦੇ ਪਾਸਾਰ ਲਈ ਸਿੱਠਣੀਆਂ ਦੀ ਸਿਰਜਨਾ ਕਰਦਾ ਹੈ ਜਿਹੜੀਆਂ ਕਿ ਲੋਕਮਨ ਵਿੱਚ ਸਹਿਜੇ ਹੀ ਪ੍ਰਸਾਰਿਤ ਤੇ ਪ੍ਰਚਲਿਤ ਹੋ ਜਾਂਦੀਆਂ ਹਨ। ਇਹਨਾਂ ਜ਼ਰੀਏ ਦੱਬੀਆਂ ਜਾਤਾਂ ਦੀ ਮਾਨਸਿਕਤਾ ਨੂੰ ਸਦਾ ਲਈ ਆਪਣੇ ਕਲਾਵੇ ਵਿੱਚ ਲੈ ਲਿਆ ਜਾਂਦਾ ਹੈ ਤੇ ਉਹਨਾਂ ਨੂੰ ਖੁੱਲ੍ਹ ਕੇ ਜਿਊਣ ਦੇ ਹੱਕਾਂ ਤੋਂ ਵਿਰਵੇ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਬੱਚਿਆਂ ਦੇ ਰਿਸ਼ਤਿਆਂ ਵੇਲੇ ਚਾਰ ਗੋਤ ਮਿਲਾਉਣ ਸਮੇਂ ਇਹ ਗੱਲ ਬਹੁਤੀ ਆੜੇ ਆਉਂਦੀ ਸੀ। ਉਸ ਵੇਲੇ ਕਰੇਵੇ ਦਾ, ਤੀਵੀਂ ਦੇ ਪਿਛੋਕੜ ਦਾ ਜਾਂ ਮੁੱਲ ਦੀ ਤੀਵੀਂ ਦਾ ਮਾਮਲਾ ਬਹੁਤ ਉੱਛਲਦਾ ਸੀ। ਇਹ ਗੱਲ ਖਾਨਦਾਨ ਉੱਤੇ ਬੱਜ ਸਮਝੀ ਜਾਂਦੀ ਸੀ। ਇਹ ਬੱਜ ਅਕਸਰ ਬੱਚਿਆਂ ਦੇ ਰਿਸ਼ਤੇ ਹੋਣ ਵਿੱਚ ਅੜਿੱਕਾ ਬਣਦਾ ਸੀ ਤੇ ਸਮਾਜਿਕ ਉਪਹਾਸ ਦਾ ਕਾਰਨ ਵੀ ਬਣਦਾ ਸੀ। ਸਮਾਜ ਵਿੱਚ ਚਰਚਾ ਦਾ ਵਿਸ਼ਾ ਵੀ ਬਣਦਾ ਸੀ। ਇਹ ਚਰਚਾ ਅਤੇ ਗੁੱਝੇ ਤਾਅਨੇ ਸਿੱਠਣੀਆਂ ਵਿੱਚ ਬਿਲਕੁਲ ਸਿੱਧੇ ਸਪਾਟ, ਬਿਨਾਂ ਕਿਸੇ ਲੁੱਕ-ਲਪੇਟ ਦੇ ਵਰਣਨ ਕੀਤੇ ਗਏ ਹਨ—

ਪੱਗ ਤਾਂ ਲਿਆਇਆ ਜੀਜਾ ਮਾਂਗਮੀ
ਵੇ ਤੂੰ ਝਾਲ ਫਰਾ ਕੇ ਪਾਏ ਗਹਿਣੇ
ਮਾਂ ਦਾ ਪਿਛੋਕਾ ਗਾਡਰੀਆਂ ਦਾ

ਤੇਰੇ ਨਾਨਕਿਆਂ ਦੇ ਕੀ ਕਹਿਣੇ[12]

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਗਿਆ ਹੈ ਕਿ ਸਿੱਠਣੀਆਂ ਵਿੱਚ ਨਾਈ ਮਰਾਸੀ ਬਿਲਕੁਲ ਮੌਨ ਹਨ, ਬਸ ਕਾਰੇ ਸਾਹਮਣੀ ਧਿਰ ਦੀਆਂ ਔਰਤਾਂ ਹੀ ਕਰਦੀਆਂ ਹਨ। ਪਹਿਲ ਵੀ ਉਹੀ ਕਰਦੀਆਂ ਹਨ ਤੇ ਦੂਜ ਵੀ ਉਹੀ ਕਰਦੀਆਂ ਹਨ। ਨਿਮਨ ਲਿਖਤ ਸਿੱਠਣੀ ਵਿੱਚ ਲਾੜੇ ਅੰਮਾਂ ਹੀ ਨਾਈ ਨੂੰ 'ਕਰਦੀ' ਹੈ ਨਾਈ ਵਿਚਾਰੇ ਦਾ ਤਾਂ ਜਿਵੇਂ ਰੋਲ ਹੀ ਕੋਈ ਨਹੀਂ

ਲਾੜੇ ਅੰਮਾਂ ਨੇ ਪਹਿਲਾਂ ਨਾਈ ਕਰਿਆ
ਨਾਈ ਤੋਂ ਪਿੱਛੋਂ ਡੇਰੇ ਦਾ ਭਾਈ ਕਰਿਆ
ਤੀਜਾ ਲਏ ਲਾੜੇ ਬਾਪੂ ਨਾਲ ਫੇਰੇ
ਪਹਿਲਾ ਮੁੰਡਾ ਜੰਮਿਆ ਨਾਈ ਦਾ
ਦੂਜਾ ਜੰਮਿਆ ਡੇਰੇ ਦੇ ਭਾਈ ਦਾ
ਲਾੜੇ ਬਾਪੂ ਨੂੰ ਕਹਿੰਦੀ ਸਾਰੇ ਤੇਰੇ
ਲਾੜੇ ਬਾਪੂ ਨੇ ਪੰਚ ਸਦਾਏ ਸਰਪੰਚ ਬੁਲਾਏ
ਕਹਿੰਦੇ ਪੰਚੋ ਮੇਰੇ ਕਰਿਓ ਨਬੇੜੇ
ਪਹਿਲਾ ਮੁੰਡਾ ਪੰਚਾਂ ਨਾਈ ਨੂੰ ਦਿੱਤਾ
ਦੂਜਾ ਡੇਰੇ ਦੇ ਭਾਈ ਨੂੰ ਦਿੱਤਾ
ਕਹਿੰਦੇ ਬਚੇ ਖੁਚੇ ਹੁਣ ਸਾਰੇ ਤੇਰੇ[13]

ਇਸ ਸਿੱਠਣੀ ਵਿੱਚ ਨਾਈ ਜਾਂ ਡੇਰੇ ਦੇ ਭਾਈ ਵੱਲੋਂ ਪਹਿਲ ਨਹੀਂ ਹੋਈ ਸਗੋਂ ਲਾੜੇ ਅੰਮਾਂ ਦੇ ਹੀ ਇਹ 'ਕਰੇ' ਹਨ। ਇਹ ਵੱਖਰੀ ਗੱਲ ਹੈ ਕਿ ਡਿਕਟੇਟਰ ਸਿੱਠਣੀਕਾਰਾ ਨੇ ਇਨਸਾਫ ਆਪਣੀ ਮਨਪਸੰਦ ਦਾ ਕਰਵਾਇਆ ਹੈ। ਇਸੇ ਤਰ੍ਹਾਂ ਦੀ ਸਿੱਠਣੀਆਂ ਵਿੱਚ ਮਰਦਾਂ ਵੱਲੋਂ ਕੋਈ ਹੀਲ-ਹੁੱਜਤ ਨਹੀਂ ਕੀਤੀ ਗਈ, ਬੱਸ ਗੁਨਾਹਗਾਰ-ਕਸੂਰਵਾਰ ਸਿਰਫ ਸਾਹਮਣੀ ਧਿਰ ਦੀ ਔਰਤ ਹੀ ਹੈ।

ਜਲ ਮੁਰਗੀ ਨੀ ਭੈਣੋ ਜਲ ਮੁਰਗੀ
ਕੁੜਮਾ ਜੋਰੋ ਪਾ ਕੇ ਘੱਗਰੀ
ਪਿੰਡ ਦੇ ਮਰਾਸੀ ਨਾਲ਼ ਤੁਰ 'ਗੀ[14]

ਇੱਥੇ ਮਰਾਸੀ ਭਾਵ ਦਲਿਤ ਵਿਅਕਤੀ ਵੱਲੋਂ ਨਾ ਕੋਈ ਪਹਿਲ ਹੁੰਦੀ ਹੈ ਨਾ ਕੋਈ ਕਿਰਿਆ ਪ੍ਰਤੀਕਿਰਿਆ। ਇਹ ਗੱਲ ਇਸ ਤੱਥ ਦੀ ਗਵਾਹੀ ਭਰਦੀ ਹੈ ਕਿ ਉਸ ਸਮੇਂ ਜਾਤ-ਪਾਤ

ਦਾ ਵਿਤਕਰਾ ਲੋਕ ਮਾਨਸ ਉੱਤੇ ਕਿੰਨਾ ਜ਼ਿਆਦਾ ਪ੍ਰਭਾਵ ਪਾਉਂਦਾ ਸੀ ਤੇ ਨੀਵੀਂ ਜਾਤ ਦੇ ਮਰਦਾਂ ਵੱਲੋਂ ਉੱਚੀ ਜਾਤ ਦੀਆਂ ਔਰਤਾਂ ਅੱਗੇ ਕਿਸੇ ਕਿਸਮ ਦੀ ਪਹਿਲ ਦਾ ਸਵਾਲ ਹੀ ਨਹੀਂ ਸੀ ਉੱਠਦਾ। ਰਵਿੰਦਰ ਕੁਮਾਰ ਦੇ ਅਨੁਸਾਰ "ਮਨੁੱਖੀ ਸ਼ੋਸ਼ਣ ਦੇ ਲਈ ਇਹ ਜਾਤੀ ਵਰਤਾਰਾ ਸੰਸਥਾਗਤ ਰੂਪ ਇਕ ਪਰਪੱਕ ਅਤੇ ਅਟਲ-ਅਬਦਲ ਹੈ। ਇਹ ਵੰਚਿਤ ਲੋਕਾਂ ਨੂੰ ਅਜਿਹੇ ਹੀਣੇ, ਨਿਮਨ ਦਰਜੇ ਦਾ ਬਣਾ ਕੇ ਉਸ ਵਿੱਚੋਂ ਮਨੁੱਖੀ ਗੌਰਵ, ਸਵੈ-ਸਨਮਾਨ ਖਤਮ ਕਰ ਦਿੰਦਾ ਹੈ ਤੇ ਉਹਨਾਂ ਨੂੰ ਹਾਸ਼ੀਆਕ੍ਰਿਤ ਪ੍ਰਾਣੀਆਂ ਵਿਚ ਬਦਲ ਦਿੰਦਾ ਹੈ। ਇਹ ਹਾਸ਼ੀਆਕ੍ਰਿਤ ਪ੍ਰਾਣੀ ਹੀ ਦਲਿਤ ਹੈ ਜਿਹੜਾ ਆਰਥਿਕਤਾ ਦੇ ਨਾਲ ਨਾਲ ਸਮਾਜਿਕ, ਸਭਿਆਚਾਰਕ, ਧਾਰਮਿਕ, ਮਾਨਸਿਕ, ਰਾਜਨੀਤਕ ਅਤੇ ਜਾਤੀ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ"[15] ਇਸ ਤਰ੍ਹਾਂ ਇਹ ਸਦੀਆਂ ਤੋਂ ਪੈਦਾਵਾਰੀ ਸਾਧਨਾਂ, ਸਮਾਜਿਕ ਰੁਤਬੇ, ਸਭਿਆਚਾਰਿਕ ਗੌਰਵ, ਧਾਰਮਿਕ ਆਧਾਰਾਂ, ਰਾਜਨੀਤਿਕ ਅਧਿਕਾਰਾਂ ਅਤੇ ਕਲਾਵਾਂ ਤੋਂ ਵਿਛੁੰਨਿਆ ਵਰਗ ਹੈ। ਭਾਰਤੀ ਦਲਿਤ ਵਰਗ ਦੀ ਵਿਭਿੰਨ ਸਭਿਆਚਾਰਾਂ ਅਤੇ ਸਮਾਜੀ-ਆਰਥਿਕ ਬਣਤਰਾਂ ਤੋਂ ਇਹ ਗੁਣਾਤਮਕ ਰੂਪ ਵਿਚ ਭਿੰਨਤਾ ਹੈ ਕਿ ਇਨ੍ਹਾਂ ਕੋਲ ਤਾਂ ਸਦੀਆਂ ਭਰ ਮਨੁੱਖ ਹੋਣ ਦਾ ਰੁਤਬਾ ਵੀ ਨਹੀਂ ਰਿਹਾ। ਇਸ ਤਰ੍ਹਾਂ ਦਲਿਤ ਵਰਗ ਅਧਿਕਾਰਾਂ ਤੋਂ ਵਿਛੁੰਨਿਆ ਹਮੇਸ਼ਾ ਹਾਸ਼ੀਆਕ੍ਰਿਤ ਅਤੇ ਦਾਬੇ ਦਾ ਸ਼ਿਕਾਰ ਰਿਹਾ ਹੈ। ਵਿਗਿਆਨਿਕ ਦੌਰ ਵਿੱਚ ਇਹ ਵਰਤਾਰਾ ਖ਼ਤਮ ਹੋਣ ਦੀ ਥਾਂ ਲੁਕਵੇਂ ਰੂਪ ਵਿਚ ਹੋਰ ਵੀ ਘਿਨਾਉਣੇ ਰੂਪ ਵਿੱਚ ਰੂਪਾਂਤਰਿਤ ਹੋ ਗਿਆ ਹੈ। ਇਹੀ ਤੱਥ ਸਿੱਠਣੀ ਰਚੈਤਾ ਦੀ ਮਾਨਸਿਕਤਾ ਵਿੱਚੋਂ ਸਾਫ਼ ਝਲਕਦਾ ਨਜ਼ਰ ਆਉਂਦਾ ਹੈ।

ਭਲਾ ਜੀ ਚਰਖੇ ਦੀ ਟੁੱਟ ਗਈ ਮਾਹਲ
ਭਲਾ ਜੀ ਲਾੜੇ ਅੰਮਾਂ ਦੀ ਬਿਗੜੀ ਚਾਲ
ਭਲਾ ਜੀ ਉਹ ਤਾਂ ਉਧਲ ਚੱਲੀ ਮਰਾਸੀ ਨਾਲ
ਭਲਾ ਜੀ ਮਰਾਸੀ ਨੇ ਕਰ 'ਤੀ ਮਾਲੋ-ਮਾਲ
ਭਲਾ ਜੀ ਚਰਖੇ ਦੀ ਟੁੱਟ ਗਈ ਮਾਹਲ[16]

ਜਿਸ ਸਮੇਂ ਸਿੱਠਣੀਆਂ ਰਚੀਆਂ ਗਈਆਂ ਉਸ ਸਮੇਂ ਮੁੰਡੇ ਕੁੜੀ ਦੇ ਰਿਸ਼ਤੇ ਨਾਤੇ ਸਮੇਂ ਚਾਰ ਗੋਤ ਰੱਖੇ ਜਾਂਦੇ ਸਨ। ਵਿਆਂਦੜ ਦਾ, ਉਸ ਦੀ ਮਾਂ ਦਾ, ਦਾਦੀ ਦਾ ਅਤੇ ਨਾਨੀ ਦਾ। ਇਸ ਪ੍ਰਥਾ ਪਿੱਛੇ ਵਿਗਿਆਨਕ ਕਾਰਨ ਵੀ ਸੀ। ਉਹ ਇਹ ਕਿ ਖ਼ੂਨ ਦੇ ਰਿਸ਼ਤਿਆਂ ਵਿੱਚ ਕੀਤੇ

ਵਿਆਹ ਤੋਂ ਬਾਅਦ ਪੈਦਾ ਹੋਏ ਬੱਚੇ ਵਿਸੰਗਤੀਆਂ ਅਤੇ ਵਿਕ੍ਰਤੀਆਂ ਦਾ ਸ਼ਿਕਾਰ ਹੁੰਦੇ ਹਨ। ਇਸ ਕਰਕੇ ਸਿੱਠਣੀਕਾਰਾ ਲਾੜੇ ਨੂੰ ਪੁੱਛਦੀ ਹੈ ਕਿ

ਦੋ ਟੋਟੇ ਕਰ ਲਿਆ ਬੇ ਨਰੰਜਣਾ
ਕਰ ਲਿਆ ਮੁੰਜ ਦੀ ਰੱਸੀ ਦੇ
ਤੂੰ ਸਾਨੂੰ ਸੱਚ ਸੱਚ ਦੱਸ ਦੇ ਬੇ
ਤੇਰੇ ਕਿੱਥੇ ਨਾਨਕੇ ਦੱਸੀਂ ਦੇ
ਮੇਰੀ ਮਾਂ ਦਾ ਪਿਛੋਕਾ ਗੁੱਜਰਾਂ ਦਾ
ਭੈਣੇ ਚਾਟੇ ਰਿੜਕਦੇ ਲੱਸੀ ਦੇ[17]

ਨਿਮਨ ਸ਼੍ਰੇਣੀਆਂ ਅਧੀਨ ਵਿਚਰਦੇ ਲੋਕ ਹਮੇਸ਼ਾ ਤੋਂ ਹੀ ਭੈਅ, ਰੋਹ, ਹਿੰਸਾ ਅਤੇ ਦਮਨ ਤੋਂ ਉਤਪੀੜਤ ਰਹੇ ਹਨ ਜਿਸ ਕਰਕੇ ਇਨ੍ਹਾਂ ਦੀ ਮਾਨਸਿਕ ਅਵਸਥਾ ਪਿਛਾਂਹ ਖਿੱਚੂ ਅਤੇ ਬਰਾਬਰਤਾ ਦੀਆਂ ਵਲਗਣਾ ਤੋਂ ਊਣੀ ਰਹੀ ਹੈ। ਸੱਤਾ ’ਚ ਸਥਾਪਿਤ ਧਿਰਾਂ ਅਧੀਨ ਇਹ ਦਲਿਤ ਲੋਕ ਆਪਣੇ ਆਪ ਨੂੰ ਸਪੱਸ਼ਟ ਨਹੀਂ ਕਰ ਸਕਦੇ। ਜਿਸ ਦੇ ਤਹਿਤ ਉਨ੍ਹਾਂ ਦੇ ਨਾਵਾਂ ਨੂੰ ਜਾਤੀ ਵਿਵਸਥਾ ਨਾਲ ਜੋੜ ਕੇ ਮਜ਼ਾਕ ਦੇ ਪਾਤਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਸਮਾਜਿਕ, ਆਰਥਿਕ, ਧਾਰਮਿਕ ਅਤੇ ਮਾਨਸਿਕ ਪੱਧਰ ਤੇ ਲਿਤਾੜੇ ਵਰਗ ਲਈ ਕਿਸੇ ਸਹਿਨਸ਼ਾਹ ਜਾਂ ਸਹਿਜ਼ਾਦੀ ਦੇ ਨਾ ਤੇ ਨਾਮ ਰੱਖਣਾ ਵੀ ਵਰਜਿਤ ਸਮਝਿਆ ਜਾਂਦਾ ਹੈ। ਉਲਟਾ ਉਸ ਨੂੰ ਭੈਅ ਅਤੇ ਦਾਬੇ ਤਹਿਤ ਨਾਬਰਾਬਰੀ ਵਾਲਾ ਸਲੂਕ ਕੀਤਾ ਜਾਂਦਾ ਹੈ। ਉਸ ਦੀ ਸਾਨੋ-ਸ਼ੌਕਤ ਅਤੇ ਸਮਾਜਿਕ ਬਰਾਬਰੀ ਲਈ ਜੂਝ ਰਹੇ ਵਰਗ ਦੀ ਸੋਚ ਨੂੰ ਖੁੰਡਾ ਕਰਨ ਲਈ ਹੀ ਅਯੋਗ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਡਾ. ਧਰਮਪਾਲ ਸਿੰਗਲ ਦੇ ਅਨੁਸਾਰ “ਸਾਡੇ ਦੇਸ ਦਾ ਤਤਕਾਲੀਨ ਨਿਆਇ ਪ੍ਰਬੰਧ ਸਮਾਜਿਕ ਨਿਯਮਾਂ ਤੇ ਉਪਨਿਯਮਾਂ ਅਨੁਸਾਰ ਨਹੀਂ ਚਲਾਇਆ ਜਾਂਦਾ ਸੀ ਸਗੋਂ ਕੁੱਝ ਗਿਣੇ-ਚੁਣੇ ਪਰ ਸਾਧਨ ਸੰਪੰਨ ਲੋਕਾਂ ਦੇ ਹੱਥਾਂ ਵਿੱਚ ਸੀ। ਉਨ੍ਹਾਂ ਦੀ ਇੱਛਾ, ਅਣਇੱਛਾ, ਪਸੰਦ ਤੇ ਨਾਪਸੰਦ ਉੱਤੇ ਨਿਰਭਰ ਕਰਦਾ ਸੀ। ਕੌਣ ਨਹੀਂ ਜਾਣਦਾ ਕਿ ਮੱਧਕਾਲੀਨ ਭਾਰਤ ਵਿੱਚ ਸਮਾਜ ਦੇ ਅਖੌਤੀ ਠੇਕੇਦਾਰ ਇੱਕ ਪਾਸੇ ਪੰਡੇ ਪੁਜਾਰੀ ਅਤੇ ਦੂਜੇ ਪਾਸੇ ਮੁੱਲਾਂ ਤੇ ਮੁਲਾਣੇ ਆਪਣੇ ਮਨ ਮੰਨੇ ਢੰਗ ਨਾਲ ਆਪੋ ਆਪਣੇ ਸ਼ਾਸਨਤੰਤਰ ਦੀ ਵਾਂਗਡੋਰ ਸੰਭਾਲੀ ਬੈਠੇ ਸਨ”[18] ਮੰਤਰਾਂ ਜਾਂ ਕੁਰਾਨ ਦੀਆਂ ਆਈਤਾਂ ਦਾ ਨਾ ਲੈ ਕੇ ਅਤੇ ਫਤਵੇ ਦੇ ਕੇ ਕਿਸ ਕਿਸ ਨੂੰ ਮੌਤ ਦੇ ਘਾਟ ਨਹੀਂ ਉਤਾਰ ਦਿੱਤਾ ਗਿਆ। ਪੰਜਾਬੀ ਲੋਕ-ਰੂਪ

ਸਿੱਠਣੀਆਂ ਵਿੱਚ ਦਲਿਤ ਵਰਗ ਦੀ ਵਿਚਾਰਧਾਰਾ ਪਿੱਛੇ ਦਲਿਤ ਮਨੁੱਖ ਦਾ ਇਤਿਹਾਸ, ਸਮਾਜ, ਜੀਵਨ, ਨਕਾਰ, ਪ੍ਰੇਰਨਾ ਸਰੋਤ, ਉਦੇਸ਼ ਅਤੇ ਦਲਿਤ ਮੁਕਤੀ ਦੇ ਪਿਛੋਕੜੀ ਅਨੁਭਵ ਮੁੱਖ ਰੂਪ ਵਿੱਚ ਕਾਰਜਸ਼ੀਲ ਹੁੰਦੇ ਹਨ। ਦਲਿਤ ਸਿੱਠਣੀਆਂ ਦਾ ਵਿਚਾਰਧਾਰਕ ਉਦੇਸ਼ ਸਮਾਜਿਕ ਅਤੇ ਸੰਸਕ੍ਰਿਤਕ ਰੂਪ ਵਿੱਚ ਪਿਛੜੇ ਜੀਵਨ ਦਾ ਸੱਚਾ ਅਤੇ ਪ੍ਰਮਾਣਿਕ ਰੂਪ ਪੇਸ਼ ਕਰਨਾ ਹੈ। ਦਲਿਤ ਮਨੁੱਖ ਜਾਂ ਦਲਿਤ ਸਮਾਜ ਨੂੰ ਨਰਕ ਭਰਿਆ ਜੋ ਜੀਵਨ ਮਿਲਿਆ ਇੱਕ ਵਿਅਕਤੀ ਵਿਸ਼ੇਸ਼ ਦਾ ਅਪਰਾਧ ਨਹੀਂ ਸਗੋਂ ਇੱਕ ਪੂਰੀ ਦੀ ਪੂਰੀ ਸਮਾਜਿਕ ਵਿਵਸਥਾ ਕਾਰਨ ਹੈ। ਇਸ ਸਮਾਜਿਕ ਵਿਵਸਥਾ ਨੇ ਨਿਮਨ ਜਾਤੀ ਵਿਅਕਤੀਆਂ ਨੂੰ ਰਾਜੇ-ਮਹਾਰਾਜੇ, ਦਰਬਾਰੀ, ਫ਼ਕੀਰ ਅਤੇ ਸਹਿਜ਼ਾਦੀਆਂ ਨਾਲ਼ ਤੁਲਨਾ ਕੇ ਸਿਧਾਂਤਕ ਘੇਰਾਬੰਦੀ ਕੀਤੀ ਜਾਂਦੀ ਹੈ। ਨੀਵੀਂ ਜਾਤ ਦੇ ਲੋਕਾਂ ਨਾਲ ਸਾਹਮਣੀ ਧਿਰ ਦੀਆਂ ਔਰਤਾਂ ਦੇ ਰਿਸ਼ਤੇ ਨਾਤੇ ਜੋੜ ਕੇ ਸਿੱਠਣੀਕਾਰਾ ਨੇ ਸਿਰਫ ਉਨ੍ਹਾਂ ਨੂੰ ਜਲੀਲ ਕਰਨਾ ਹੈ।

ਕੁੜਤੀ ਸੀਮੇ ਦਰਜੀ ਜੀਜਾ
ਸੱਗੀ ਘੜੇ ਸੁਨਿਆਰ
ਤੂੰ ਮਾਂ ਆਪਣੀ ਨੂੰ ਪੁੱਛ ਲੈ ਜੀਜਾ
ਕਿੰਨੇ ਨੇ ਉਹਦੇ ਯਾਰ
ਦੋ ਮੋਚੀ ਨੇ ਦੋ ਮਰਾਸੀ ਨੇ
ਦੋ ਤਾਜੇ ਨੇ ਦੋ ਬਾਸੀ ਨੇ
ਦੋ ਪਿੰਡ ਦੇ ਲੰਬੜਦਾਰ
ਨੀ ਭੈਣਾਂ ਗਿਣਦੀ ਜਾਹ
ਦੋ ਨਾਭੇ ਦੇ ਘੁਮਿਆਰ
ਨੀ ਭੈਣਾਂ ਗਿਣਦੀ ਜਾਹ[19]

ਸਿੱਠਣੀਕਾਰਾ ਨੇ ਜਿੱਥੇ ਸਾਹਮਣੀ ਧਿਰ ਨੂੰ ਠਿੱਠ ਕਰਨ ਲਈ ਹਰ ਤਰ੍ਹਾਂ ਦੀਆਂ ਜ਼ਾਇਜ ਨਜ਼ਾਇਜ, ਸੰਭਵ-ਅਸੰਭਵ, ਜਾਨਦਾਰ ਅਤੇ ਨਿਰਜੀਵ ਚੀਜਾਂ ਕੱਠੀਆਂ ਕੀਤੀਆਂ ਹਨ, ਉੱਥੇ ਉਸਨੇ ਇਨ੍ਹਾਂ ਕਿੱਤਾਗਤ ਜਾਤਾਂ ਦੇ ਆਦਮੀਆਂ ਨੂੰ ਵੀ ਸ਼ਾਮਿਲ ਕਰ ਲਿਆ ਹੈ। ਜਿਵੇਂ ਕਿ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਸਿੱਠਣੀਕਾਰਾ ਦਾ ਸੁਚੇਤ ਤੌਰ ਉੱਤੇ ਇਨ੍ਹਾਂ ਪੱਛੜੀਆਂ ਜਾਤੀਆਂ ਦੇ ਮਰਦ ਪਾਤਰਾਂ ਨੂੰ ਜਲੀਲ ਕਰਨ ਦਾ ਕੋਈ ਇਰਾਦਾ ਨਹੀਂ ਹੈ

ਸਗੋਂ ਜਲੀਲ ਸਾਹਮਣੀ ਧਿਰ ਦੀਆਂ ਔਰਤਾਂ ਹੋ ਰਹੀਆਂ ਨੇ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਿੱਠਣੀਕਾਰਾ ਨੇ ਸਿਰਫ਼ ਆਪਣਾ ਮਕਸਦ ਪੂਰਾ ਕਰਨ ਲਈ ਹੀ ਇਨ੍ਹਾਂ ਪਾਤਰਾਂ ਦੀ ਸ਼ਮੂਲੀਅਤ ਕੀਤੀ ਗਈ ਹੈ। ਇਸ ਦੇ ਨਾਲ਼ ਹੀ ਕੁਝ ਥਾਂਈ ਸਮਾਜਿਕ ਵਰਜਣਾਵਾਂ ਨੂੰ ਉਲੰਘਦੀਆਂ ਸਿੱਠਣੀਆਂ ਵੀ ਦ੍ਰਿਸ਼ਟੀਗੋਚਰ ਹੁੰਦੀਆਂ ਹਨ ਜਿਨ੍ਹਾਂ ਵਿੱਚ ਸਾਹਮਣੀ ਧਿਰ ਅਸੱਭਿਅਕ, ਗ਼ੈਰ ਕਾਨੂੰਨੀ, ਗੈਰ ਜ਼ਿੰਮੇਵਾਰਨਾ, ਗੈਰ ਇਖ਼ਲਾਕੀ ਅਤੇ ਟੈਬੂਜ਼ ਉਲੰਘਣਾ ਕਰਦੀ ਹੋਈ ਦਿਖਾਈ ਜਾਂਦੀ ਹੈ। ਕਿਉਂਕਿ ਸਿੱਠਣੀ ਵਿੱਚ ਨਾਟ ਦ੍ਰਿਸ਼ ਜਾਂ ਬਿੰਬ ਸੱਭਿਆਚਾਰਕ ਪ੍ਰਤੀਮਾਨਾਂ ਦੇ ਉਲਟ ਰੂਪ ਵਿੱਚ ਪੇਸ਼ ਹੁੰਦੇ ਹਨ। ਇਸ ਲਈ ਸਿੱਠਣੀਕਾਰਾ ਕੁਦਰਤੀ ਪ੍ਰਸਥਿਤੀਆਂ ਅਤੇ ਸਮਾਜਕ ਤਾਣੇ ਬਾਣੇ ਦੇ ਪ੍ਰਵਾਣਿਤ ਮੁੱਲਾਂ ਤੋਂ ਪਰ੍ਹੇ ਹਟ ਕੇ ਮਨ ਮਰਜ਼ੀ ਦੇ ਬਿੰਬਾਂ ਨੂੰ ਸਿਰਜਣ ਦਾ ਪੂਰਾ ਯਤਨ ਕਰਦੀ ਹੈ। ਸਿੱਠਣੀਕਾਰਾ ਕਦੇ ਕਦੇ ਵਿਰੋਧੀ ਧਿਰ ਨੂੰ ਬਹੁਤ ਹੀ ਚਤਰਾਈ ਨਾਲ ਤਾਹਨਾ ਮਾਰਕੇ ਜਲੀਲ ਕਰਨ ਦੀ ਜੁਗਤ ਭਿੜਾਉਂਦੀ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕ ਸਾਹਿਤ ਵਿੱਚ ਜਾਤ ਨੂੰ ਆਧਾਰ ਬਣਾ ਕੇ ਬਹੁਤ ਸਾਰੀਆਂ ਸਿੱਠਣੀਆਂ ਰਚੀਆਂ ਗਈਆਂ ਮਿਲਦੀਆਂ ਹਨ ਪਰ ਇਨ੍ਹਾਂ ਵਿੱਚ ਨਾਈ, ਮਰਾਸੀ, ਡੂੰਮ, ਬਾਜ਼ੀਗਰ, ਸੁਨਿਆਰ, ਤਰਖਾਣ, ਤੇਲੀ ਅਤੇ ਜੁਲਾਹਾ ਆਦਿ ਪੇਸ਼ੇਵਰ ਜਾਤੀਆਂ ਦਾ ਜ਼ਿਕਰ ਵਧੇਰੇ ਹੈ। ਪੰਜਾਬੀ ਸਿੱਠਣੀਆਂ ਵਿੱਚ ਉੱਚ-ਵਰਗੀ ਵਿਚਾਰਧਾਰਾ ਜਾਂ ਸਮਾਜਿਕ ਦਾਬੇ ਕਾਰਨ ਦਲਿਤ ਮਨੁੱਖ ਸਮਾਜਿਕ, ਆਰਥਿਕ, ਧਾਰਮਿਕ, ਸਭਿਆਚਾਰਿਕ ਅਤੇ ਮਾਨਸਿਕ ਤੌਰ ’ਤੇ ਨਪੀੜੀਆ, ਦਮਨ ਦਾ ਸ਼ਿਕਾਰ, ਉਤਪੀੜਤ ਅਤੇ ਸ਼ੋਸ਼ਿਤ ਹੋਣ ਕਰਕੇ ਅਜ਼ਾਦ ਹੋਂਦ ਤੋਂ ਸੱਖਣਾ ਹੈ। ਸਿੱਠਣੀਆਂ ਜਿੱਥੇ ਪੱਖਪਾਤੀ/ਨਾਂਹਮੁਖੀ ਵਿਚਾਰਧਾਰਾ ਅੰਤਰਗਤ ਦਲਿਤ ਵਿਅਕਤੀ ਦੇ ਅਕਸ ਨੂੰ ਵਿਕਰਿਤ ਰੂਪ ਵਿੱਚ ਸਾਕਾਰ ਕਰਦੀਆਂ ਹਨ ਉੱਥੇ ਸਿੱਧੇ ਤੌਰ ’ਤੇ ਦੂਜੀ ਧਿਰ ਦਾ ਸਮਾਜਿਕ ਤੇ ਮਾਨਸਿਕ ਸ਼ੋਸ਼ਣ ਕਰਨ ਦਾ ਸਾਧਨ ਵੀ ਬਣਦੀਆਂ ਹਨ। ਉੱਚ ਵਰਗ ਆਪਣੇ ਨਿੱਜੀ ਹਿਤਾਂ ਨੂੰ ਪੂਰਨ ਦੇ ਸੰਦਰਭ ਵਿੱਚ ਨਿਮਨ ਵਰਗ ਨੂੰ ਨਿਰੰਤਰ ਦਬਾਉਣ ਤੇ ਦਬਕਾਉਣ ਲਈ ਝੂਠੀ ਚੇਤਨਾ ਦੇ ਪਾਸਾਰ ਲਈ ਸਿੱਠਣੀਆਂ ਦੀ ਸਿਰਜਨਾ ਕਰਦਾ ਹੈ ਜਿਹੜੀਆਂ ਕਿ ਲੋਕਮਨ ਵਿੱਚ ਸਹਿਜੇ ਹੀ ਪ੍ਰਸਾਰਿਤ ਤੇ ਪ੍ਰਚਲਿਤ ਹੋ ਜਾਂਦੀਆਂ ਹਨ। ਇਹਨਾਂ ਜ਼ਰੀਏ ਦੱਬੀਆਂ ਜਾਤਾਂ ਦੀ ਮਾਨਸਿਕਤਾ ਨੂੰ ਸਦਾ ਲਈ ਆਪਣੇ ਕਲਾਵੇ ਵਿੱਚ ਲੈ ਲਿਆ ਜਾਂਦਾ ਹੈ ਤੇ ਉਨ੍ਹਾਂ ਨੂੰ ਖੁੱਲ੍ਹ ਕੇ ਜਿਉਣ ਦੇ ਹੱਕਾਂ ਤੋਂ ਵਿਰਵੇ

ਕਰ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸਿੱਠਣੀ ਵਿੱਚ ਸਾਹਮਣੀ ਧਿਰ ਅਸੱਭਿਅਕ, ਗ਼ੈਰ ਕਾਨੂੰਨੀ, ਗੈਰ ਜ਼ਿੰਮੇਵਾਰਨਾ, ਗੈਰ ਇਖ਼ਲਾਕੀ ਅਤੇ ਟੈਬੂਜ਼ ਉਲੰਘਣਾ ਕਰਦੀ ਹੋਈ ਦਿਖਾਈ ਜਾਂਦੀ ਹੈ। ਕਿਉਂਕਿ ਸਿੱਠਣੀ ਵਿੱਚ ਨਾਟ ਦ੍ਰਿਸ਼ ਜਾਂ ਬਿੰਬ ਸੱਭਿਆਚਾਰਕ ਪ੍ਰਤੀਮਾਨਾਂ ਦੇ ਉਲਟ ਰੂਪ ਵਿੱਚ ਪੇਸ਼ ਹੁੰਦੇ ਹਨ, ਇਸ ਲਈ ਸਿੱਠਣੀਕਾਰਾ ਕੁਦਰਤੀ ਪ੍ਰਸਥਿਤੀਆਂ ਅਤੇ ਸਮਾਜਕ ਤਾਣੇ ਬਾਣੇ ਦੇ ਪ੍ਰਵਾਣਿਤ ਮੁੱਲਾਂ ਤੋਂ ਪਰ੍ਹੇ ਹਟ ਕੇ ਮਨ ਮਰਜ਼ੀ ਦੇ ਬਿੰਬਾਂ ਨੂੰ ਸਿਰਜਣ ਦਾ ਪੂਰਾ ਯਤਨ ਕਰਦੀ ਹੈ। ਸਿੱਠਣੀਕਾਰਾ ਕਦੇ ਕਦੇ ਵਿਰੋਧੀ ਧਿਰ ਨੂੰ ਬਹੁਤ ਹੀ ਚਤੁਰਾਈ ਨਾਲ ਤਾਹਨਾ ਮਾਰਕੇ ਜਲੀਲ ਕਰਨ ਦੀ ਜੁਗਤ ਵੀ ਭਿੜਾਉਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਵਣਜਾਰਾ ਬੇਦੀ, ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਨੈਸ਼ਨਲ ਬੁੱਕ ਸ਼ਾਪ, ਦਿੱਲੀ, 2006, ਪੰਨਾ-656
2. ਨਾਹਰ ਸਿੰਘ, ਲੋਕ ਕਾਵਿ ਦੀ ਸਿਰਜਨ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006, ਪੰਨਾ-174
3. ਡਾ. ਚਰਨਜੀਤ, ਵਿਆਹ ਦੇ ਗੀਤ ਸਿੱਠਣੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2008, ਪੰਨਾ-11
4. ਡਾ. ਚਰਨਜੀਤ, ਉਹੀ, ਪੰਨਾ-125
5. ਡਾ. ਚਰਨਜੀਤ, ਉਹੀ, ਪੰਨਾ-125
6. ਚਰਨਜੀਤ, ਉਹੀ, ਪੰਨਾ-125
7. ਰਾਜਿੰਦਰ ਪਾਲ ਸਿੰਘ ਬਰਾੜ, ਹਾਸ਼ੀਆਗਤ ਸਮੂਹਾਂ ਦੀ ਬਦਲਦੀ ਚੇਤਨਾ: ਨਿਸ਼ਾਨਦੇਹੀ, ਵਿਚਾਰਧਾਰਾ ਤੇ ਸਰੋਕਾਰ, 16 ਨਵੰਬਰ, 2013, (http://rajinderpalsingh.blogspot.com/2013/11/blog-post_16.html?m=1)
8. ਚਰਨਜੀਤ ਕੌਰ, ਸੰਤ ਰਾਮ ਉਦਾਸੀ ਜੀਵਨ ਤੇ ਰਚਨਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2014, ਪੰਨਾ-47
9. ਨਾਹਰ ਸਿੰਘ, ਰੜੇ ਭੰਬੀਰੀ ਬੋਲੇ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016, ਪੰਨਾ-208

10. ਡਾ. ਚਰਨਜੀਤ, ਉਹੀ, ਪੰਨਾ-126
11. The hundu caste system as a earthenware pots set one on top of another. Not onlyare Brahmins and kshariyas at the top and shudras and untouchables at the bottom, but withim each earthware pot, men are at the top and women of that caste are at the bottom likecrushed and wasted power. So, at the very bottom are the dalit and below are the suppressed dalit women, Encyclopaedia of Dalits in india (vol,-9), kalpaz publications, delhi, 2002, page-72
12. ਡਾ. ਚਰਨਜੀਤ, ਉਹੀ, ਪੰਨਾ-126
13. ਨਾਹਰ ਸਿੰਘ, ਉਹੀ, ਪੰਨਾ-210
14. ਡਾ. ਚਰਨਜੀਤ, ਉਹੀ, ਪੰਨਾ-127
15. ਰਵਿੰਦਰ ਕੁਮਾਰ, ਔਰਤ ਤੇ ਦਲਿਤ ਹਾਸ਼ੀਆਗਤ ਪ੍ਰਵਚਨ: ਨਵ-ਇਤਿਹਾਸਵਾਦੀ ਪਰਿਪੇਖ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ-45
16. ਨਾਹਰ ਸਿੰਘ, ਉਹੀ, ਪੰਨਾ-235
17. ਡਾ. ਚਰਨਜੀਤ, ਉਹੀ, ਪੰਨਾ-128
18. ਧਰਮਪਾਲ ਸਿੰਗਲ, ਗੁਰੂ ਰਵਿਦਾਸ: ਜੀਵਨ ਤੇ ਵਿਚਾਰ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1996, ਪੰਨਾ-22
19. ਡਾ. ਚਰਨਜੀਤ-ਉਹੀ, ਪੰਨਾ-129